**ਪ੍ਰਕਾਸ਼ਨ 152**
ਅਗਸਤ 2016

# ਸਿਗਰਟ ਅਤੇ ਤਮਾਕੂ ਉਤਪਾਦਾਂ ਦੀਆਂ ਜਾਂਚਾਂ

CALIFORNIA STATE
BOARD OF EQUALIZATION

**ਬੋਰਡ ਦੇ ਮੈਂਬਰ**

ਸਿਨੇਟਰ ਜੌਰਜ ਰਨਰ **(GEORGE RUNNER)** (ਰਿਟਾਇਰਡ), ਪਹਿਲਾ ਡਿਸਟ੍ਰਿਕਟ

ਫਿਓਨਾ ਐਮ ਏ **(FIONA MA), CPA,** ਦੂਜਾ ਡਿਸਟ੍ਰਿਕਟ

ਜਿਰੋਮ ਈ. ਹੋਰਟਨ **(JEROME E. HORTON),** ਤੀਜੇ ਡਿਸਟ੍ਰਿਕਟ

ਡਾਇਨੇ ਐਲ. ਹਾਰਕੀ **(DIANE L. HARKEY),** ਚੌਥੇ ਡਿਸਟ੍ਰਿਕਟ

ਬੇਟੀ ਟੀ. ਯੀ **(BETTY T. YEE),** ਸਟੇਟ ਕੰਟ੍ਰੋਲਰ

ਡੇਵਿਡ ਜੇ. ਗਾਉ **(DAVID J. GAU),** ਐਗਜ਼ੀਕਿਊਟਿਵ ਡਾਇਰੈਕਟਰ

## ਤੁਸੀਂ ਮੇਰੇ ਬਿਜ਼ਨੇਸ ਦੀ ਜਾਂਚ ਕਿਉਂ ਕਰ ਰਹੇ ਹੋ?

ਅਸੀਂ ਤੁਹਾਡੇ ਕਾਰੋਬਾਰ ਦੀ ਇਹ ਦੇਖਣ ਲਈ ਰੁਟੀਨ ਜਾਂਚ ਕਰ ਰਹੇ ਹਾਂ, ਕਿ ਕੀ ਤੁਸੀਂ ਰਾਜ ਦੇ ਉਹਨਾਂ ਕਾਨੂੰਨਾਂ ਦੀ ਪਾਲਣਾ ਕਰ ਰਹੇ ਹੋ ਜੋ ਕੈਲੀਫੋਰਨੀਆ ਵਿੱਚ ਸਿਗਰਟ ਅਤੇ ਤਮਾਕੂ ਉਤਪਾਦਾਂ ਦੀ ਵੇਚ ਨੂੰ ਨਿਯੰਤ੍ਰਿਤ ਕਰਦੇ ਹਨ।

## ਤੁਸੀਂ ਕੀ ਲੱਭ ਰਹੇ ਹੋ?

ਅਸੀਂ ਇਹ ਦੇਖਣ ਲਈ ਜਾਂਚ ਕਰਾਂਗੇ ਕਿ ਕੀ:

- ਤੁਹਾਡੇ ਕੋਲ ਸਿਗਰਟ ਅਤੇ ਤਮਾਕੂ ਉਤਪਾਦਾਂ ਨੂੰ ਵੇਚਣ ਲਈ ਬੋਰਡ ਆਫ ਇਕਊਲਾਈਜੇਸ਼ਨ (BOE) ਦਾ ਲਾਇਸੈਂਸ ਹੈ, ਅਤੇ ਕੋਈ ਵੀ ਹੋਰ ਬਿਜ਼ਨੇਸ ਪਰਮਿਟ ਜਾਂ ਲਾਇਸੈਂਸ ਹਨ ਜੋ ਤੁਹਾਨੂੰ ਰੱਖਣ ਦੀ ਲੋੜ ਹੋ ਸਕਦੀ ਹੈ।

  *ਧਿਆਨ ਦਿਓ:* 1 ਜਨਵਰੀ 2017 ਨੂੰ, ਰਾਜ ਦੇ ਕਾਨੂੰਨ ਨੇ ਪਰਚੂਣ ਲਾਇਸੈਂਸ ਦੇਣ ਲਈ, ਤਮਾਕੂ ਉਤਪਾਦ ਦੀ ਪਰਿਭਾਸ਼ਾ ਦਾ ਵਿਸਤਾਰ ਕੀਤਾ, ਤਾਂ ਜੋ ਇਲੈਕਟ੍ਰੋਨਿਕ ਸਮੋਕਿੰਗ ਜਾਂ ਵੇਪਿੰਗ ਡਿਵਾਈਸਾਂ ਜਾਂ ਤਮਾਕੂ ਉਤਪਾਦ ਦੇ ਕਿਸੇ ਵੀ ਪੁਰਜੇ, ਹਿੱਸੇ, ਜਾਂ ਐਕਸੈਸਰੀ ਨੂੰ ਸ਼ਾਮਲ ਕੀਤਾ ਜਾ ਸਕੇ, ਭਾਵੇਂ ਇਹ ਇਕੱਠੇ ਵੇਚੇ ਜਾਂਦੇ ਹਨ ਜਾਂ ਵੱਖ-ਵੱਖ। ਜੇ ਤੁਸੀਂ ਇਹਨਾਂ ਵਿੱਚੋਂ ਕਿਸੇ ਵੀ ਉਤਪਾਦ ਨੂੰ ਪਰਚੂਣ ਵਿੱਚ ਵੇਚਦੇ ਹੋ, ਤਾਂ ਤੁਹਾਨੂੰ BOE ਸਿਗਰਟ ਅਤੇ ਤਮਾਕੂ ਰਿਟੇਲਰ ਲਾਇਸੈਂਸ ਰੱਖਣ ਦੀ ਲੋੜ ਹੁੰਦੀ ਹੈ। ਇਸ ਵਿਸ਼ੇ ਬਾਰੇ ਹੋਰ ਜਾਣਕਾਰੀ ਲਈ BOE ਵੈਬਸਾਈਟ ‘ਤੇ ਜਾਓ।

- ਤੁਸੀਂ ਆਪਣੀਆਂ ਸਿਗਰਟਾਂ ਅਤੇ ਤਮਾਕੂ ਉਤਪਾਦ ਕਿਸੇ ਸਿਗਰਟਾਂ ਅਤੇ ਤਮਾਕੂ ਉਤਪਾਦਾਂ ਦੇ ਡਿਸਟ੍ਰਿਬਿਊਟਰ ਜਾਂ ਥੋਕ ਵਿਕ੍ਰੇਤਾ ਤੋਂ ਖਰੀਦੇ ਹਨ (ਰਿਟੇਲਰਾਂ ਦੇ ਵਿਚਕਾਰ ਵਿਕਰੀ ਦੀ ਮਨਾਹੀ ਹੈ) ਅਤੇ ਤੁਹਾਡੇ ਕੋਲ ਆਪਣੀ ਇਨਵੈਂਟਰੀ ਦੇ ਸਮਰਥਨ ਵਿੱਚ ਖਰੀਦ ਦਾ ਇਨਵੋਇਸ ਹੈ। ਸਿਗਰਟ ਅਤੇ ਤਮਾਕੂ ਉਤਪਾਦ ਦੇ ਇਨਵੋਇਸਾਂ ਲਈ ਸਾਰੀਆਂ ਲੋੜਾਂ ਬਾਰੇ ਤਾਜ਼ਾ ਰਹਿਣ ਲਈ BOE ਦੀ ਵੈਬਸਾਈਟ ਨੂੰ ਦੇਖਣਾ ਯਕੀਨੀ ਬਣਾਓ।

- ਤੁਹਾਡੀ ਇਨਵੈਂਟਰੀ ਵਿੱਚ ਮੌਜੂਦ ਸਿਗਰਟਾਂ:
  - ‘ਤੇ ਕੈਲੀਫੋਰਨੀਆ ਟੈਕਸ ਦੀਆਂ ਵਾਜਬ ਸਟੈਂਪਾਂ ਲੱਗੀਆਂ ਹੋਈਆਂ ਹਨ,
  - ਵਿੱਚ ਜ਼ਾਇਕੇਦਾਰ ਸਿਗਰਟਾਂ (ਮੈਨਥੋਲ ਨੂੰ ਛੋਟ ਹੈ) ਸ਼ਾਮਲ ਨਹੀਂ ਹਨ, ਅਤੇ
  - ਕੈਲੀਫੋਰਨੀਆ ਤਮਾਕੂ ਡਾਇਰੈਕਟਰੀ ਵਿੱਚ ਕੈਲੀਫੋਰਨੀਆ ਵਿੱਚ ਵੇਚੇ ਜਾਣ ਲਈ ਕਾਨੂੰਨੀ ਤੌਰ ‘ਤੇ ਪ੍ਰਵਾਨਿਤ ਵਜੋਂ ਸੂਚੀਬੱਧ ਹਨ (ਰੌਲ-ਯੋਰ-ਓਨ ਤਮਾਕੂ ਵੀ ਤਮਾਕੂ ਡਾਇਰੈਕਟਰੀ ਵਿੱਚ ਸੂਚੀਬੱਧ ਹੋਣਾ ਚਾਹੀਦਾ ਹੈ)।

- ਤੁਹਾਡੀ ਇਨਵੈਂਟਰੀ ਵਿੱਚ ਸਿਗਰਟ ਪੈਕ ਕੈਲੀਫੋਰਨੀਆ ਦੀਆਂ “ਘੱਟ ਪ੍ਰਜਲਣ ਦੀ ਪ੍ਰਵਿਰਤੀ” ਵਾਲੀਆਂ ਅੱਗ ਤੋਂ ਸੁਰੱਖਿਆ ਦੀ ਲੋੜ ਦੀ ਪਾਲਣਾ ਕਰਦੇ ਹਨ।

- ਤੁਹਾਡੇ ਹੋਰ ਤਮਾਕੂ ਉਤਪਾਦਾਂ ‘ਤੇ ਕੈਲੀਫੋਰਨੀਆ ਐਕਸਾਈਜ਼ ਟੈਕਸ ਦਿੱਤਾ ਗਿਆ ਸੀ।

- ਤੁਹਾਡਾ STAKE ਕਾਨੂੰਨ ਸੰਕੇਤ ਹਰੇਕ ਕੈਸ਼ ਰਜਿਸਟਰ ਅਤੇ ਵਿਕਰੀ ਦੇ ਹੋਰ ਸਥਾਨਾਂ ‘ਤੇ ਪ੍ਰਦਰਸ਼ਿਤ ਕੀਤਾ ਗਿਆ ਹੈ।




ਇਹ ਜਾਂਚਾਂ ਰਾਜ ਦੇ ਕਾਨੂੰਨਾਂ ਵੱਲੋਂ ਅਧਿਕਾਰਤ ਹੁੰਦੀਆਂ ਹਨ ਜੋ 2003 ਦੇ ਕੈਲੀਫੋਰਨੀਆ ਸਿਗਰਟ ਐਂਡ ਟੋਬੈਕੋ ਪ੍ਰੋਡਕਟ ਲਾਇਸੈਂਸਿੰਗ ਐਕਟ (ਕੈਲੀਫੋਰਨੀਆ ਬਿਜ਼ਨੇਸ ਐਂਡ ਪ੍ਰੋਫੈਸ਼ਨਸ ਕੋਡ ਦੀ ਡਿਵੀਜ਼ਨ 8.6), ਸਿਗਰਟ ਐਂਡ ਟੋਬੈਕੋ ਟੈਕਸ ਲਾਅ (ਰੇਵੇਨਿਊ ਐਂਡ ਟੈਕਸੇਸ਼ਨ ਕੋਡ ਦਾ ਭਾਗ 13, ਡਿਵੀਜ਼ਨ 2), ਅਤੇ ਕੈਲੀਫੋਰਨੀਆ ਸਿਗਰਟ ਫਾਇਰ ਸੇਫਟੀ ਐਂਡ ਫਾਇਰਫਾਈਟਰ ਪ੍ਰੋਟੇਕਸ਼ਨ ਐਕਟ (ਕੈਲੀਫੋਰਨੀਆ ਹੈਲਥ ਐਂਡ ਸੇਫਟੀ ਕੋਡ ਦੀ ਡਿਵੀਜ਼ਨ 12), ਅਤੇ ਸਟੋਪ ਟੋਬੈਕੋ ਐਕਸੈਸ ਟੂ ਕਿਡਸ ਏਨਫੋਰਸਮੈਂਟ ਐਕਟ (ਕੈਲੀਫੋਰਨੀਆ ਬਿਜ਼ਨੇਸ ਐਂਡ ਪ੍ਰੋਫੈਸ਼ਨਸ ਕੋਡ ਦੀ ਡਿਵੀਜ਼ਨ 8.5) ਵਜੋਂ ਜਾਣੇ ਜਾਂਦੇ ਹਨ।

## ਜਾਂਚ ਦੇ ਦੌਰਾਨ ਕੀ ਹੋਵੇਗਾ?

ਸਾਡੇ ਇੰਸਪੈਕਟਰ ਤੁਹਾਡੇ ਕਾਰੋਬਾਰ ਦੀ ਥਾਂ ਵਿੱਚ ਦਾਖਲ ਹੋਣਗੇ, ਤੁਹਾਨੂੰ ਜਾਂ ਤੁਹਾਡੇ ਕਰਮਚਾਰੀਆਂ ਨੂੰ ਆਪਣੀ ਪਛਾਣ ਦੱਸਣਗੇ, ਅਤੇ ਆਪਣੀ BOE ਪਛਾਣ ਦਿਖਾਉਣਗੇ। ਉਹ ਤੁਹਾਨੂੰ ਹੇਠਾਂ ਲਿਖੇ ਕੰਮ ਕਰਨ ਲਈ ਕਹਿਣਗੇ:

- ਉਹਨਾਂ ਨੂੰ ਆਪਣੀ ਨਿੱਜੀ ਪਛਾਣ ਦਿਖਾਓ।
- ਉਹਨਾਂ ਨੂੰ ਆਪਣੀ ਪੂਰੀ ਸਿਗਰਟ ਅਤੇ ਤਮਾਕੂ ਇਨਵੈਂਟਰੀ ਦਿਖਾਓ।
- ਪਿਛਲੇ 12 ਮਹੀਨਿਆਂ ਲਈ ਆਪਣੀ ਸਿਗਰਟ ਅਤੇ ਤਮਾਕੂ ਉਤਪਾਦ ਦੀ ਖਰੀਦ ਅਤੇ ਵੇਚ ਇਨਵੋਇਸ (ਜਾਂ ਰਜਿਸਟਰ ਟੇਪਾਂ) ਮੁਹੱਈਆ ਕਰੋ, ਜਿਨ੍ਹਾਂ ਨੂੰ ਤੁਹਾਡੇ ਕਾਰੋਬਾਰ ਦੇ ਸਥਾਨ 'ਤੇ ਰੱਖੇ ਜਾਣ ਦੀ ਲੋੜ ਹੁੰਦੀ ਹੈ।
- ਪਛਾਣੋ ਕਿ ਤੁਹਾਡੇ ਸਿਗਰਟ ਅਤੇ ਤਮਾਕੂ ਉਤਪਾਦ ਦੇ ਖਰੀਦ ਅਤੇ ਵਿਕਰੀ ਇਨਵੋਇਸ (ਜਾਂ ਰਜਿਸਟਰ ਟੇਪਾਂ) ਕਿੱਥੇ ਸਥਿਤ ਹਨ। ਰਿਕਾਰਡਾਂ ਨੂੰ ਚਾਰ ਸਾਲ ਤੱਕ ਰੱਖਣ ਦੀ ਲੋੜ ਹੁੰਦੀ ਹੈ।

ਇੰਸਪੈਕਟਰ ਤੁਹਾਡੀ ਕਾਰੋਬਾਰ ਵਾਲੀ ਥਾਂ 'ਤੇ ਅਤੇ ਅਜਿਹੇ ਕਿਸੇ ਵੀ ਸਥਾਨ 'ਤੇ ਜਿੱਥੇ ਤੁਸੀਂ ਵਾਧੂ ਉਤਪਾਦ ਰੱਖ ਸਕਦੇ ਹੋ, ਜਿਵੇਂ ਕਿ ਹੋਰ ਇਮਾਰਤਾਂ ਜਾਂ ਸਟੋਰ ਕਰਨ ਵਾਲੇ ਕਨਟੇਨਰ, ਸਿਗਰਟਾਂ ਅਤੇ ਤਮਾਕੂ ਉਤਪਾਦਾਂ ਦਾ ਮੁਆਇਨਾ ਕਰਨਗੇ। ਉਹ ਤੁਹਾਡੀ ਇਨਵੈਂਟਰੀ ਵਿੱਚ ਸਿਗਰਟਾਂ 'ਤੇ ਸਟੈਂਪਾਂ ਨੂੰ ਇਲੈਕਟ੍ਰੋਨਿਕ ਤਰੀਕੇ ਨਾਲ ਸਕੈਨ ਕਰਨਗੇ ਅਤੇ ਤੁਹਾਡੇ ਖਰੀਦ ਅਤੇ ਵਿਕਰੀ ਇਨਵੋਇਸਾਂ ਦੀ ਸਮੀਖਿਆ ਕਰਨਗੇ ਤਾਂ ਜੋ ਦੇਖਿਆ ਜਾ ਸਕੇ ਕਿ ਕੀ ਉਹ ਇਨਵੋਇਸ ਤੁਹਾਡੀ ਇਨਵੈਂਟਰੀ ਦੇ ਨਾਲ ਮੇਲ ਖਾਂਦੇ ਹਨ।

ਤੁਹਾਨੂੰ ਪ੍ਰਕਾਸ਼ਨ 78, ਸੇਲਜ਼ ਆਫ ਸਿਗਰਟਸ ਐਂਡ ਤਮਾਕੂ ਪ੍ਰੋਡਕਟਸ ਇਨ ਕੈਲੀਫੋਰਨੀਆ, ਦੀ ਇੱਕ ਕਾਪੀ ਵੀ ਦਿੱਤੀ ਜਾਵੇਗੀ ਜਿਹੜੀ ਇਸ ਪ੍ਰੋਗਰਾਮ ਬਾਰੇ ਵਾਧੂ ਜਾਣਕਾਰੀ ਦਿੰਦੀ ਹੈ।

## ਜੇ ਇੰਸਪੈਕਟਰਾਂ ਨੂੰ ਉਹ ਉਤਪਾਦ ਮਿਲਦੇ ਹਨ ਜੋ ਮੈਂ ਕਾਨੂੰਨੀ ਤੌਰ 'ਤੇ ਵੇਚ ਨਹੀਂ ਸਕਦਾ ਹਾਂ ਤਾਂ ਕੀ ਹੁੰਦਾ ਹੈ?

ਇੰਸਪੈਕਟਰ ਉਹਨਾਂ ਨੂੰ ਮਿਲੇ ਬਿਨਾ ਟੈਕਸ ਵਾਲੇ, ਨਕਲੀ, ਜਾਂ ਦੂਜੇ ਕਾਰਨਾਂ ਕਰਕੇ ਗੈਰ-ਕਾਨੂੰਨੀ ਸਿਗਰਟ ਜਾਂ ਤਮਾਕੂ ਉਤਪਾਦਾਂ ਨੂੰ ਜ਼ਬਤ ਕਰ ਸਕਦੇ ਹਨ। ਉਹ:

- ਜ਼ਬਤ ਕਰਨ ਦੇ ਕਾਰਨ ਸਮਝਾਉਣਗੇ,
- ਤੁਹਾਨੂੰ ਜ਼ਬਤ ਕੀਤੇ ਉਤਪਾਦਾਂ ਦੀ ਸੂਚੀ ਦੇ ਨਾਲ ਵਿਸਤਾਰ ਵਿੱਚ ਰਸੀਦ ਦੇਣਗੇ,
- ਤੁਹਾਨੂੰ ਆਪਣੀ ਸੰਪਰਕ ਜਾਣਕਾਰੀ ਦੇਣਗੇ, ਅਤੇ ਨਾਲ ਹੀ
- ਤੁਹਾਨੂੰ ਹਾਜ਼ਰ ਹੋਣ ਲਈ ਬੁਲਾਵਾ ਵੀ ਜਾਰੀ ਕਰਨਗੇ।

ਕੋਈ ਵੀ ਸਿਗਰਟ ਬਰਾਂਡ ਜਾਂ ਰੌਲ-ਯੋਰ-ਓਨ (RYO) ਤਮਾਕੂ ਉਤਪਾਦਾਂ, ਜੋ ਅਟਾਰਨੀ ਜਨਰਲ ਦੀ ਕੈਲੀਫੋਰਨੀਆ ਤਮਾਕੂ ਡਾਇਰੈਕਟਰੀ ਵਿੱਚ ਨਹੀਂ ਦਿੱਤੇ ਗਏ ਹਨ, ਨੂੰ ਜ਼ਬਤ ਕੀਤਾ ਜਾ ਸਕਦਾ ਹੈ। ਰਿਟੇਲਰਾਂ ਅਤੇ ਥੋਕ ਵਿਕਰੀ ਕਰਨ ਵਾਲਿਆਂ ਨੂੰ BOE ਲਾਇਸੈਂਸ ਵਾਲੇ ਡਿਸਟ੍ਰੀਬਿਊਟਰਾਂ ਤੋਂ ਸਿਗਰਟ ਅਤੇ RYO ਤਮਾਕੂ ਖਰੀਦਣ ਤੋਂ ਪਹਿਲਾਂ ਹਮੇਸ਼ਾਂ ਤਮਾਕੂ ਡਾਇਰੈਕਟਰੀ ਜ਼ਰੂਰ ਦੇਖਣੀ ਚਾਹੀਦੀ ਹੈ। ਕੈਲੀਫੋਰਨੀਆ ਤਮਾਕੂ ਡਾਇਰੈਕਟਰੀ ਦੀ ਵੈਬਸਾਈਟ ਦਾ ਪਤਾ *www.oag.ca.gov/tobacco/directory* ਹੈ।

*ਧਿਆਨ ਦਿਓ:* ਜਦੋਂ ਸਿਗਰਟਾਂ ਜਾਂ RYO ਤਮਾਕੂ ਨੂੰ ਤਮਾਕੂ ਡਾਇਰੈਕਟਰੀ ਤੋਂ ਹਟਾਇਆ ਜਾਂਦਾ ਹੈ, ਰਿਟੇਲਰਾਂ ਨੂੰ ਹਟਾਏ ਜਾਣ ਦੀ ਪ੍ਰਭਾਵੀ ਮਿਤੀ ਤੋਂ 60 ਦਿਨਾਂ ਲਈ ਟੈਕਸ ਦੀਆਂ ਸਟੈਂਪਾਂ ਵਾਲੀਆਂ ਸਿਗਰਟਾਂ ਜਾਂ RYO ਤਮਾਕੂ ਰੱਖਣ, ਲਿਆਉਣ-ਲਿਜਾਉਣ ਅਤੇ ਵੇਚਣ ਦੀ ਇਜਾਜ਼ਤ ਹੁੰਦੀ ਹੈ।

## ਕੀ ਜ਼ਬਤ ਕੀਤੇ ਉਤਪਾਦ ਮੈਨੂੰ ਵਾਪਸ ਮਿਲ ਸਕਦੇ ਹਨ?

ਤੁਹਾਨੂੰ ਇਹ ਕਹਿਣ ਦਾ ਹੱਕ ਹੈ ਕਿ ਤੁਹਾਡੇ ਜ਼ਬਤ ਕੀਤੇ ਉਤਪਾਦ ਤੁਹਾਨੂੰ ਵਾਪਸ ਕਰ ਦਿੱਤੇ ਜਾਣ। ਜੇ ਸਾਡੇ ਇੰਸਪੈਕਟਰ ਜਾਂਚ ਦੌਰਾਨ ਕੋਈ ਉਤਪਾਦ ਜ਼ਬਤ ਕਰਦੇ ਹਨ, ਤਾਂ ਅਸੀਂ ਉਤਪਾਦਾਂ ਦੀ ਸੂਚੀ ਅਤੇ ਜ਼ਬਤੀ ਨੂੰ ਚੁਣੌਤੀ ਦੇਣ ਦੇ ਤੁਹਾਡੇ ਅਧਿਕਾਰ ਦੀ ਵਿਆਖਿਆ ਕਰਦਾ ਇੱਕ ਨੋਟਿਸ ਤੁਹਾਨੂੰ ਡਾਕ ਰਾਹੀਂ ਭੇਜਾਂਗੇ। ਅਸੀਂ ਨੋਟਿਸ ਦੇ ਨਾਲ ਸੰਪਤੀ ਦੀ ਰਿਹਾਈ ਜਾਂ ਮੁੜ-ਪ੍ਰਾਪਤੀ ਲਈ ਪੁਸ਼ਟੀ ਕੀਤਾ ਪਟੀਸ਼ਨ (*Verified Petition for Release or Recovery of Property*) ਫਾਰਮ ਸ਼ਾਮਲ ਕਰਾਂਗੇ।

ਰਾਜ ਦੇ ਕਾਨੂੰਨ ਤਹਿਤ, ਜ਼ਬਤ ਕੀਤੇ ਸਿਗਰਟ ਜਾਂ ਤਮਾਕੂ ਉਤਪਾਦ ਸਿਰਫ ਤਾਂ ਹੀ ਵਾਪਸ ਕੀਤੇ ਜਾ ਸਕਦੇ ਹਨ ਜੇ ਅਸੀਂ ਉਹਨਾਂ ਨੂੰ ਗਲਤੀ ਨਾਲ ਜਾਂ ਗੈਰ-ਕਾਨੂੰਨੀ ਤਰੀਕੇ ਨਾਲ ਜ਼ਬਤ ਕੀਤਾ ਹੈ। ਆਪਣੇ ਉਤਪਾਦਾਂ ਨੂੰ ਵਾਪਸ ਕੀਤੇ ਜਾਣ ਵਾਸਤੇ ਕਹਿਣ ਲਈ, ਤੁਹਾਨੂੰ ਪੂਰਾ ਭਰਿਆ ਪਟੀਸ਼ਨ ਫਾਰਮ ਜਮ੍ਹਾਂ ਕਰਨਾ ਚਾਹੀਦਾ ਹੈ ਅਤੇ ਇਹ ਵਿਆਖਿਆ ਕਰਨੀ ਚਾਹੀਦੀ ਹੈ ਕਿ ਇੰਸਪੈਕਟਰ ਦੀ ਜ਼ਬਤੀ ਗਲਤ ਜਾਂ ਗੈਰ-ਕਾਨੂੰਨੀ ਕਿਉਂ ਸੀ। ਅਸੀਂ ਤੁਹਾਡੇ ਪਟੀਸ਼ਨ ਦਾ ਜਵਾਬ ਲਿਖਤੀ ਰੂਪ ਵਿੱਚ ਦੇਵਾਂਗੇ।

## ਜੇ ਮੈਨੂੰ ਹਾਜ਼ਰ ਹੋਣ ਲਈ ਬੁਲਾਵਾ ਮਿਲਦਾ ਹੈ ਤਾਂ ਕੀ ਹੁੰਦਾ ਹੈ?

ਜੇ ਤੁਹਾਨੂੰ ਦੀਵਾਨੀ ਬੁਲਾਵਾ ਜਾਰੀ ਕੀਤਾ ਜਾਂਦਾ ਹੈ, ਤਾਂ ਤੁਹਾਨੂੰ BOE ਤੋਂ ਡਾਕ ਵਿੱਚ ਉਲੰਘਣਾ ਦਾ ਨੋਟਿਸ ਮਿਲੇਗਾ। ਨੋਟਿਸ ਵਿੱਚ ਉਹਨਾਂ ਖਾਸ ਉਲੰਘਣਾਵਾਂ, ਜਿਨ੍ਹਾਂ ਲਈ ਤੁਹਾਨੂੰ ਬੁਲਾਇਆ ਗਿਆ ਹੈ, ਕਿਸੇ ਵੀ ਦੀਵਾਨੀ ਜੁਰਮਾਨਿਆਂ ਜਾਂ ਨਤੀਜਿਆਂ, ਅਤੇ ਤੁਹਾਡੇ ਅਪੀਲ ਕਰਨ ਦੇ ਹੱਕਾਂ ਦੀ ਵਿਆਖਿਆ ਕੀਤੀ ਜਾਵੇਗੀ।

ਜੇ ਤੁਹਾਨੂੰ ਫੌਜਦਾਰੀ ਬੁਲਾਵਾ ਜਾਰੀ ਕੀਤਾ ਜਾਂਦਾ ਹੈ, ਤਾਂ ਤੁਹਾਨੂੰ ਬੁਲਾਵੇ ਵਿੱਚ ਦੱਸੇ ਅਨੁਸਾਰ ਅਦਾਲਤ ਵਿੱਚ ਪੇਸ਼ ਹੋਣਾ ਹੋਵੇਗਾ ਅਤੇ ਤੁਹਾਨੂੰ ਸ਼ਾਇਦ ਫੌਜਦਾਰੀ ਕਾਰਵਾਈਆਂ ਦੇ ਸੰਬੰਧ ਵਿੱਚ ਡਿਸਟ੍ਰਿਕਟ ਅਟਾਰਨੀ ਦੇ ਆਫਿਸ ਵੱਲੋਂ ਇੱਕ ਨੋਟਿਸ ਵੀ ਮਿਲ ਸਕਦਾ ਹੈ। ਜੇ ਤੁਸੀਂ ਅਦਾਲਤ ਵਿੱਚ ਪੇਸ਼ ਨਹੀਂ ਹੁੰਦੇ ਹੋ, ਤਾਂ ਤੁਹਾਡੇ ਵਿਰੁੱਧ ਇੱਕ ਬੈਂਚ ਵਾਰੰਟ ਜਾਰੀ ਕੀਤਾ ਜਾਵੇਗਾ ਅਤੇ ਸ਼ਾਇਦ ਤੁਹਾਡੇ ਸਿਗਰਟ ਅਤੇ ਤਮਾਕੂ ਲਾਇਸੈਂਸ ਨੂੰ ਮੁਅੱਤਲ ਕੀਤਾ ਜਾ ਸਕਦਾ ਹੈ ਜਾਂ ਰੱਦ ਕੀਤਾ ਜਾ ਸਕਦਾ ਹੈ ਅਤੇ ਜੁਰਮਾਨੇ ਲਗਾਏ ਜਾ ਸਕਦੇ ਹਨ।

ਸਿਗਰਟ ਐਂਡ ਤਮਾਕੂ ਪ੍ਰੋਡਕਟ ਲਾਇਸੈਂਸਿੰਗ ਐਕਟ, ਅਦਾਲਤਾਂ ਵੱਲੋਂ ਲਗਾਏ ਜਾਣ ਵਾਲੇ ਕਿਸੇ ਵੀ ਹੋਰ ਫੌਜਦਾਰੀ ਜੁਰਮਾਨਿਆਂ ਦੇ ਇਲਾਵਾ, BOE ਵੱਲੋਂ ਦੀਵਾਨੀ ਜੁਰਮਾਨੇ ਲਗਾਏ ਜਾਣ ਦੀ ਖੁੱਲ੍ਹ ਦਿੰਦਾ ਹੈ (ਪ੍ਰਕਾਸ਼ਨ 161, ਫੌਜਦਾਰੀ ਤਲਬੀਆਂ ਵਿੱਚ ਸਿਵਲ ਐਡਮਿਨਿਸਟ੍ਰੇਟਿਵ ਪ੍ਰਕਿਰਿਆ ਸ਼ਾਮਲ ਹੁੰਦੀ ਹੈ, ਦੇਖੋ)। ਤੁਹਾਡੇ ਫੌਜਦਾਰੀ ਬੁਲਾਵੇ 'ਤੇ ਅਦਾਲਤ ਦੇ ਫੈਸਲੇ ਦੇ ਬਾਅਦ, ਤੁਹਾਨੂੰ BOE ਤੋਂ ਡਾਕ ਦੁਆਰਾ ਇੱਕ ਉਲੰਘਣਾ ਦਾ ਨੋਟਿਸ ਮਿਲੇਗਾ ਜਿਸ ਵਿੱਚ ਤੁਹਾਡੀਆਂ ਉਲੰਘਣਾਵਾਂ ਦਿੱਤੀਆਂ ਗਈਆਂ ਹੋਣਗੀਆਂ, ਤੁਹਾਡੇ ਅਪੀਲ ਕਰਨ ਦੇ ਹੱਕਾਂ ਦੀ ਵਿਆਖਿਆ ਕੀਤੀ ਗਈ ਹੋਵੇਗੀ, ਅਤੇ ਤੁਹਾਨੂੰ ਹੋਰ ਸਬੰਧਤ ਜਾਣਕਾਰੀ ਦਿੱਤੀ ਜਾਵੇਗੀ।

## ਜੇ ਮੇਰਾ ਲਾਇਸੈਂਸ ਮੁਲਤਵੀ ਜਾਂ ਰੱਦ ਕਰ ਦਿੱਤਾ ਜਾਂਦਾ ਹੈ ਤਾਂ ਕੀ ਹੁੰਦਾ ਹੈ?

ਮੁਲਤਵੀ ਜਾਂ ਰੱਦ ਕੀਤੇ ਜਾਣ ਦੀ ਮਿਆਦ ਦੇ ਦੌਰਾਨ, ਤੁਹਾਨੂੰ ਸਿਗਰਟਾਂ ਜਾਂ ਤਮਾਕੂ ਉਤਪਾਦਾਂ ਨੂੰ ਵਿਕਰੀ ਲਈ ਪ੍ਰਦਰਸ਼ਿਤ ਕਰਨ, ਵੇਚਣ, ਜਾਂ ਤੋਹਫੇ ਵਿੱਚ ਦੇਣ ਦੀ ਮਨਾਹੀ ਹੁੰਦੀ ਹੈ। ਮੁਲਤਵੀ ਜਾਂ ਰੱਦ ਕੀਤੇ ਜਾਣ ਦਾ ਨੋਟਿਸ ਮਿਲਣ ਦੇ ਬਾਅਦ ਵੇਚਣ ਲਈ ਪ੍ਰਦਰਸ਼ਿਤ ਕੀਤੇ ਜਾਣਾ ਜਾਰੀ ਰੱਖਣ 'ਤੇ ਹਰੇਕ ਅਪਰਾਧ ਲਈ $1,000 ਦਾ ਦੀਵਾਨੀ ਜੁਰਮਾਨਾ ਲੱਗ ਸਕਦਾ ਹੈ। ਮੁਲਤਵੀ ਜਾਂ ਰੱਦ ਕੀਤੇ ਜਾਣ ਦੀ ਪ੍ਰਭਾਵੀ ਮਿਤੀ ਦੇ ਬਾਅਦ ਵੇਚਣਾ ਜਾਂ ਤੋਹਫੇ ਵਿੱਚ ਦੇਣਾ ਜਾਰੀ ਰੱਖਣਾ ਇੱਕ ਛੋਟਾ ਅਪਰਾਧ ਹੁੰਦਾ ਹੈ ਅਤੇ ਇਸ ਦੇ ਨਤੀਜੇ ਵਜੋਂ ਤੁਹਾਡੇ ਕਬਜ਼ੇ ਵਿਚਲੀਆਂ ਸਾਰੀਆਂ ਸਿਗਰਟਾਂ ਅਤੇ ਤਮਾਕੂ ਉਤਪਾਦਾਂ ਨੂੰ ਕਬਜ਼ੇ ਵਿੱਚ ਲਿਆ ਜਾ ਸਕਦਾ ਹੈ ਅਤੇ ਜ਼ਬਤ ਕੀਤਾ ਜਾ ਸਕਦਾ ਹੈ।

BOE ਦੁਆਰਾ ਮੁਲਤਵੀ ਜਾਂ ਰੱਦ ਕੀਤੇ ਜਾਣ ਦਾ ਨੋਟਿਸ ਭੇਜੇ ਜਾਣ ਦੇ ਨਾਲ, ਰਿਟੇਲਰਾਂ ਨੂੰ ਇੱਕ ਚਿੰਨ੍ਹ ਵੀ ਮਿਲੇਗਾ ਜੋ ਹਰੇਕ ਜਨਤਕ ਦਾਖਲੇ ਦੇ ਸਥਾਨ, ਹਰੇਕ ਕੈਸ਼ ਰਜਿਸਟਰ ਅਤੇ ਮੁਲਤਵੀ ਜਾਂ ਰੱਦ ਕੀਤੇ ਗਏ ਵਿਕਰੀ ਦੇ ਹੋਰ ਸਥਾਨਾਂ 'ਤੇ ਲਗਾਇਆ ਜਾਣਾ ਜ਼ਰੂਰੀ ਹੁੰਦਾ ਹੈ। ਨੋਟਿਸ ਵਿੱਚ ਦਰਸਾਈ ਗਈ ਪੂਰੀ ਮਿਆਦ ਲਈ ਲੋੜ ਅਨੁਸਾਰ ਸੰਕੇਤ ਲਗਾਉਣ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ, ਹਰੇਕ ਅਪਰਾਧ ਲਈ $1,000 ਦਾ ਜੁਰਮਾਨਾ ਲਗਾਇਆ ਜਾਵੇਗਾ।

## ਕੀ ਇਸ ਜਾਂਚ ਦੇ ਸੰਬੰਧ ਵਿੱਚ ਮੇਰੇ ਕੋਈ ਅਧਿਕਾਰ ਹਨ?

ਹਾਂ, ਕੈਲੀਫੋਰਨੀਆ ਦੇ ਟੈਕਸ ਦੇਣ ਵਾਲੇ ਵਿਅਕਤੀ ਵਜੋਂ ਤੁਹਾਡੇ ਕੁਝ ਖ਼ਾਸ ਕਾਨੂੰਨੀ ਅਧਿਕਾਰ ਹਨ। ਸਾਡੇ ਕਰਮਚਾਰੀਆਂ ਨੂੰ ਲਾਜ਼ਮੀ ਤੌਰ 'ਤੇ ਉਹਨਾਂ ਅਧਿਕਾਰਾਂ ਦੀ ਇੱਜ਼ਤ ਅਤੇ ਰੱਖਿਆ ਕਰਨੀ ਚਾਹੀਦੀ ਹੈ। ਜਿਵੇਂ ਕਿ ਸਾਡੇ ਪ੍ਰਕਾਸ਼ਨ 70, ਆਪਣੇ ਅਧਿਕਾਰਾਂ ਨੂੰ ਸਮਝਣਾ *(Understanding Your Rights)*, ਵਿੱਚ ਵਿਆਖਿਆ ਕੀਤੀ ਗਈ ਹੈ, ਤੁਹਾਨੂੰ ਹੇਠਾਂ ਲਿਖਿਆਂ ਦਾ ਅਧਿਕਾਰ ਹੈ:

- ਨਿਮਰ ਅਤੇ ਜਲਦ ਸੇਵਾ,
- ਨਿਰਪੱਖ ਵਿਹਾਰ,
- ਗੁਪਤਤਾ,
- ਜਾਣਕਾਰੀ ਅਤੇ ਸਹਾਇਤਾ, ਅਤੇ
- ਆਪਣੇ ਚੁਣੇ ਹੋਏ ਬੋਰਡ ਆਫ ਇਕਉਲਾਈਜੇਸ਼ਨ ਮੈਂਬਰਾਂ ਨਾਲ ਗੱਲ ਕਰਨੀ ਜਾਂ ਉਹਨਾਂ ਨੂੰ ਪੱਤਰ ਲਿਖਣਾ।

## ਜੇ ਮੈਨੂੰ ਜਾਂਚ ਬਾਰੇ ਜਾਂ ਇੰਸਪੈਕਟਰ ਦੇ ਵਿਹਾਰ ਬਾਰੇ ਇਤਰਾਜ਼ ਹਨ ਤਾਂ ਕੀ ਮੈਂ ਸ਼ਿਕਾਇਤ ਦਾਇਰ ਕਰ ਸਕਦਾ ਹਾਂ?

ਹਾਂ। ਜੇ ਤੁਹਾਨੂੰ ਲੱਗਦਾ ਕਿ ਇੰਸਪੈਕਟਰ ਗੈਰ-ਪੇਸ਼ਾਵਰ ਸੀ ਜਾਂ ਉਸਨੇ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ, ਤਾਂ ਤੁਸੀਂ ਹੇਠਾਂ ਦਿੱਤੇ ਤਰੀਕਿਆਂ ਰਾਹੀਂ ਸ਼ਿਕਾਇਤ ਦਾਇਰ ਕਰ ਸਕਦੇ ਹੋ:

- ਇਵੇਸਟੀਗੇਸ਼ਨ ਡਿਵਿਜ਼ਨ ਨੂੰ ਇਸ ਨੰਬਰ 'ਤੇ ਫੋਨ ਕਰਕੇ:
  1-916-324-0105
- ਔਨਲਾਈਨ ਦਾਇਰ ਕਰਕੇ:
  *www.boe.ca.gov/info/icomplaint.htm*
- ਇਸ ਪਤੇ 'ਤੇ ਪੱਤਰ ਲਿਖ ਕੇ:
  Investigations Division, MIC:42
  Board of Equalization
  PO Box 942879
  Sacramento, CA 94279-0042

ਆਪਣੀਆਂ ਚਿੰਤਾਵਾਂ ਦੀ ਵਿਸਤਾਰ ਵਿੱਚ ਵਿਆਖਿਆ ਕਰਨੀ ਯਾਦ ਰੱਖੋ।

ਤੁਹਾਡੀ ਸ਼ਿਕਾਇਤ ਨੂੰ ਇਨਵੇਸਟੀਗੇਸ਼ਨ ਡਿਵੀਜ਼ਨ ਦਾ ਸੁਪਰਵਾਈਜ਼ਰ ਜਾਂ ਮੈਨੇਜਰ ਦੇਖੇਗਾ, ਜੋ ਤੁਹਾਡੇ ਨਾਲ ਸੰਪਰਕ ਕਰੇਗਾ। ਜੇ ਤੁਸੀਂ ਸੁਪਰਵਾਈਜ਼ਰ ਜਾਂ ਮੈਨੇਜਰ ਨਾਲ ਆਪਣੀ ਸਮੱਸਿਆ ਸੁਲਝਾਉਣ ਵਿੱਚ ਅਸਮਰਥ ਰਹਿੰਦੇ ਹੋ ਜਾਂ ਚਾਹੁੰਦੇ ਹੋ ਕਿ ਤੁਹਾਡੀ ਸ਼ਿਕਾਇਤ ਨੂੰ ਡਿਵੀਜ਼ਨ ਦੇ ਬਾਹਰ ਦਾ ਕੋਈ ਵਿਅਕਤੀ ਦੇਖੇ, ਤਾਂ ਤੁਸੀਂ BOE ਟੈਕਸਪੇਅਰ ਰਾਈਟਸ ਐਡਵੋਕੇਟ ਆਫਿਸ ਨਾਲ ਸੰਪਰਕ ਕਰ ਸਕਦੇ ਹੋ।

## ਟੈਕਸਪੇਅਰ ਰਾਈਟਸ ਐਡਵੋਕੇਟ ਆਫਿਸ

ਟੈਕਸਪੇਅਰ ਰਾਈਟਸ ਐਡਵੋਕੇਟ ਆਫਿਸ ਉਹਨਾਂ ਟੈਕਸ ਦੇਣ ਵਾਲਿਆਂ ਦੀ ਮਦਦ ਕਰਦਾ ਹੈ ਜੋ ਆਪਣੇ ਮਸਲੇ ਆਮ ਤਰੀਕਿਆਂ ਰਾਹੀਂ ਹੱਲ ਨਹੀਂ ਕਰ ਸਕੇ ਹਨ, ਜਦੋਂ ਉਹ ਕਿਸੇ ਖਾਸ ਸਥਿਤੀ ਨਾਲ ਸਬੰਧਤ ਪ੍ਰਕਿਰਿਆ ਬਾਰੇ ਜਾਣਕਾਰੀ ਲੈਣਾ ਚਾਹੁੰਦੇ ਹਨ, ਜਾਂ ਜਦੋਂ ਉਹਨਾਂ ਦੇ ਹੱਕਾਂ ਦੀ ਉਲੰਘਣਾ ਹੋਈ ਜਾਪਦੀ ਹੋਵੇ। ਤੁਸੀਂ ਆਫਿਸ ਨੂੰ ਟੋਲ-ਫ੍ਰੀ 1-888-324-2798 'ਤੇ ਕਾਲ ਕਰ ਸਕਦੇ ਹੋ ਜਾਂ ਉਹਨਾਂ ਨਾਲ *www.boe.ca.gov/info/emailtra.htm* 'ਤੇ ਸੰਪਰਕ ਕਰ ਸਕਦੇ ਹੋ। ਆਫਿਸ ਤੁਹਾਡੀ ਸ਼ਿਕਾਇਤ ਦੀ ਸੁਤੰਤਰ ਤੌਰ 'ਤੇ ਜਾਂਚ-ਪੜਤਾਲ ਕਰੇਗਾ ਅਤੇ ਜਵਾਬ ਦੇਵੇਗਾ।

## ਹੋਰ ਜਾਣਕਾਰੀ ਲਈ

ਜੇ ਜਾਂਚ ਬਾਰੇ ਤੁਹਾਡੇ ਕੋਈ ਪ੍ਰਸ਼ਨ ਹਨ, ਤਾਂ ਤੁਸੀਂ ਸਾਡੀ ਇਨਵੇਸਟੀਗੇਸ਼ਨ ਡਿਵੀਜ਼ਨ ਨਾਲ 1-916-324-0105 'ਤੇ ਸੰਪਰਕ ਕਰ ਸਕਦੇ ਹੋ। ਸਿਗਰਟ ਅਤੇ ਤਮਾਕੂ ਉਤਪਾਦਾਂ ਦੇ ਲਾਇਸੈਂਸ ਦੇ ਸਬੰਧ ਵਿੱਚ ਹੋਰ ਜਾਣਕਾਰੀ ਲਈ, ਕਸਟਮਰ ਸਰਵਿਸ ਸੈਂਟਰ ਨੂੰ 1-800-400-7115 'ਤੇ ਕਾਲ ਕਰੋ; ਸਪੈਸ਼ਲ ਟੈਕਸ ਅਤੇ ਫੀਸਾਂ ਵਾਲਾ ਵਿਕਲਪ ਚੁਣੋ।

BOE ਆਪਣੇ ਸਿਗਰਟ ਅਤੇ ਤਮਾਕੂ ਉਤਪਾਦਾਂ ਦੇ ਲਾਇਸੈਂਸ ਦੇਣ ਦੇ ਪ੍ਰੋਗਰਾਮ ਦੇ ਸੰਬੰਧ ਵਿੱਚ ਇੱਕ ਮੁਫ਼ਤ ਕਲਾਸ ਵੀ ਚਲਾਉਂਦਾ ਹੈ। ਇਸ ਕਲਾਸ ਵਿੱਚ ਲਾਇਸੈਂਸ ਲਈ ਲੋੜਾਂ, ਹਾਲ ਹੀ ਵਿੱਚ ਹੋਈਆਂ ਕਾਨੂੰਨ ਵਿੱਚ ਤਬਦੀਲੀਆਂ, ਜਾਂਚ ਦੀ ਪ੍ਰਕਿਰਿਆ, ਰਿਕਾਰਡ ਰੱਖਣ, ਜੁਰਮਾਨੇ ਲਗਾਉਣ, ਅਤੇ ਹੋਰ ਕਈ ਚੀਜ਼ਾਂ ਸ਼ਾਮਲ ਹੁੰਦੀਆਂ ਹਨ। ਕਲਾਸ ਦੀ ਸਮਾਂ-ਸਾਰਣੀ ਦੇਖਣ ਲਈ BOE ਦੀ ਵੈਬਸਾਈਟ 'ਤੇ "Helpful Tax Seminar" ਲਿੰਕ 'ਤੇ ਕਲਿੱਕ ਕਰੋ ਜਾਂ 1-916-322-8536 'ਤੇ ਫੋਨ ਕਰੋ।

ਹੇਠਾਂ ਦਿੱਤੇ ਸਬੰਧਤ ਪ੍ਰਕਾਸ਼ਨ ਵੀ ਸਾਡੀ ਵੈਬਸਾਈਟ www.boe.ca.gov, ਤੋਂ ਜਾਂ ਸਾਡੇ ਕਸਟਮਰ ਸਰਵਿਸ ਸੈਂਟਰ ਨੂੰ 1-800 400-7115 (TTY:711) 'ਤੇ ਫੋਨ ਕਰਕੇ ਮਿਲ ਸਕਦੇ ਹਨ। ਇਹਨਾਂ ਵਿੱਚੋਂ ਕੁਝ ਪ੍ਰਕਾਸ਼ਨ ਇਹਨਾਂ ਭਾਸ਼ਾਵਾਂ ਵਿੱਚ ਵੀ ਉਪਲਬਧ ਹਨ: ਅਰਬੀ, ਚੀਨੀ, ਕੋਰੀਆਈ, ਪੰਜਾਬੀ, ਸਪੈਨਿਸ਼, ਟੈਗਾਲੋਗ, ਥਾਈ, ਅਤੇ ਵਿਅਤਨਾਮੀ।

| | |
|---|---|
| 63 | ਸਿਗਰਟ ਡਿਸਟ੍ਰੀਬਿਊਟਰ ਲਾਇਸੈਂਸਿੰਗ ਅਤੇ ਟੈਕਸ ਸਟੈਂਪ ਗਾਈਡ (*Cigarette Distributor Licensing and Tax Stamp Guide*) |
| 70 | ਕੈਲੀਫੋਰਨੀਆ ਦੇ ਟੈਕਸ ਦੇਣ ਵਾਲੇ ਵਿਅਕਤੀ ਵਜੋਂ ਆਪਣੇ ਅਧਿਕਾਰਾਂ ਨੂੰ ਸਮਝਣਾ (*Understanding Your Rights as a California Taxpayer*) |
| 78 | ਲੀਫੋਰਨੀਆ ਵਿੱਚ ਸਿਗਰਟਾਂ ਅਤੇ ਤਮਾਕੂ ਉਤਪਾਦਾਂ ਦੀ ਵਿਕਰੀ - ਰਿਟੇਲਰਾਂ ਲਈ ਟੈਕਸ ਦੀ ਲੋੜ (*Sales of Cigarettes and Tobacco Products in California—License Requirements for Retailers*) |

93 ਸਿਗਰਟ ਅਤੇ ਤਮਾਕੂ ਉਤਪਾਦਾਂ ‘ਤੇ ਟੈਕਸ (*Cigarette and Tobacco Products Taxes)*

152 ਸਿਗਰਟ ਅਤੇ ਤਮਾਕੂ ਉਤਪਾਦਾਂ ਦੀਆਂ ਜਾਂਚਾਂ (*Cigarette and Tobacco Product Inspections)*

161 ਫੌਜਦਾਰੀ ਤਲਬੀਆਂ ਵਿੱਚ ਸਿਵਲ ਐਡਮਿਨਿਸਟ੍ਰੇਟਿਵ ਪ੍ਰਕਿਰਿਆ ਸ਼ਾਮਲ ਹੁੰਦੀ ਹੈ (*Criminal Citations Include a Civil Administrative Process)*

403 ਕੈਲੀਫੋਰਨੀਆ ਦੀਆਂ ਨਵੀਆਂ ਜਾਲ੍ਹਸਾਜ਼ੀ-ਵਿਰੋਧੀ ਸਿਗਰਟ ਟੈਕਸ ਮੁਹਰਾਂ (*New California Counterfeit-Resistant Cigarette Tax Stamp)*

407 ਮਾਸਟਰ ਨਿਪਟਾਰਾ ਸਮਝੌਤਾ (*Master Settlement Agreement)*

429 ਅਮਰੀਕਾ ਵਿੱਚ ਜ਼ਾਇਕੇਦਾਰ ਸਿਗਰਟਾਂ ਦੀ ਪਾਬੰਦੀ ਹੈ (*Flavored Cigarettes Banned in the United States)*

438 ਕੀ ਰਿਟੇਲਰ ਇੰਟਰਨੈਟ ਤੋਂ ਜਾਂ ਬਗੈਰ ਲਾਇਸੈਂਸ ਵਾਲੇ ਸਪਲਾਇਰਾਂ ਤੋਂ ਸਿਗਰਟ ਅਤੇ ਤਮਾਕੂ ਉਤਪਾਦ ਖਰੀਦ ਸਕਦੇ ਹਨ? (*Can Retailers Purchase Cigarette and Tobacco Products over the Internet or from an Unlicensed Supplier?)*

## ਟੈਕਸ ਦੀ ਚੋਰੀ ਦਾ ਸਾਡੇ ਸਭ ‘ਤੇ ਅਸਰ ਪੈਂਦਾ ਹੈ...

ਟੈਕਸ ਦੀ ਚੋਰੀ ਦੇ ਸ਼ੱਕ ਦੀ ਰਿਪੋਰਟ ਕਰਨ ਲਈ, ਸਾਡੀ ਟੈਕਸ ਚੋਰੀ ਹੋਟਲਾਈਨ 1-888-334-3300 ‘ਤੇ ਜਾਂ ਇਨਵੇਸਟੀਗੇਸ਼ਨ ਡਿਵੀਜ਼ਨ ਨੂੰ 1-916-324-0105 ‘ਤੇ ਫੋਨ ਕਰੋ।

## ਸਾਡੇ ਬੋਰਡ ਮੈਂਬਰਾਂ ਨਾਲ ਸੰਪਰਕ ਕਰਨ ਲਈ, ਦੇਖੋ:

www.boe.ca.gov/members/board.htm